29 June 2001

# ਨਾਟਕ ਨਾਟਕ ਨਾਟਕ

ਜੂਨ ਦਾ ਮਹੀਨਾ ਪੰਜਾਬ ਅਤੇ ਚੰਡੀਗੜ੍ਹ 'ਚ ਸਕੂਲਾਂ ਅਤੇ ਕਾਲਜਾਂ ਵਿਚ ਛੁੱਟੀਆਂ ਦਾ ਮਹੀਨਾ ਹੈ। ਇਸ ਨੂੰ ਨਾਟਕ ਸਰਗਰਮੀਆਂ ਦਾ ਮਹੀਨਾ ਵੀ ਕਿਹਾ ਜਾ ਸਕਦਾ ਹੈ। ਵੱਡੀ ਪੱਧਰ 'ਤੇ ਨਾਟਕ ਵਰਕਸ਼ਾਪ ਲੱਗੀਆਂ ਹਨ ਅਤੇ ਨਾਟਕ ਕਲਾ ਇਕ ਲਹਿਰ ਵਾਕੁਨ ਉਭਰੀ ਹੈ। ਅੰਮ੍ਰਿਤਸਰ 'ਚ ਕੇਵਲ ਧਾਲੀਵਾਲ ਦੀ ਕੋਸ਼ਿਸ਼ ਨਾਲ ਅਤੇ ਗੁਰੂ ਨਾਨਕ ਯੂਨੀਵਰਸਿਟੀ ਦੇ ਸਹਿਯੋਗ ਨਾਲ ਨੈਸ਼ਨਲ ਸਕੂਲ ਆਫ ਡਰਾਮਾ ਵਲੋਂ ਪੰਜਾਬ ਦੇ ਰੰਗਕਰਮੀਆਂ ਦੀ ਵਰਕਸ਼ਾਪ, ਬਾਲ ਵਿਅਕਤੀਤਵ ਵਿਕਾਸ ਤਹਿਤ ਲਹਿਰਾਗਾਗਾ 'ਚ ਸੈਮੂਅਲ ਜ਼ੋਨ ਦੀ ਵਰਕਸ਼ਾਪ, ਲਾਂਡਰਾਂ (ਫਿਲੌਰ) 'ਚ ਮੱਖਣ ਕ੍ਰਾਂਤੀ ਅਤੇ ਸੋਢੀ ਮਣਾ ਵਲੋਂ, ਲੰਗੇਰੀ (ਮਾਹਿਲਪੁਰ) 'ਚ ਮਾਸਟਰ ਅਵਤਾਰ ਵਲੋਂ ਰਾਏਕੋਟ 'ਚ ਸੋਮਹੀਰਾ ਵਲੋਂ, ਚੰਡੀਗੜ੍ਹ 'ਚ ਪਾਕਿਸਤਾਨ ਦੇ ਅਜੋਕਾ ਥੀਏਟਰ ਵਲੋਂ ਹਿੰਦ-ਪਾਕਿਸਤਾਨ ਦੇ ਬੱਚਿਆਂ ਦੀ ਵਰਕਸ਼ਾਪ, ਚੰਡੀਗੜ੍ਹ 'ਚ ਹੀ ਚੰਡੀਗੜ੍ਹ ਮਾਫੀਆ ਵਲੋਂ ਵਿਕਲਪ ਥੀਏਟਰ ਲਹਿਰ ਦੀ ਵਰਕਸ਼ਾਪ, ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਵਲੋਂ ਬੱਚਿਆਂ ਦੀ ਇਕ ਵਿਸ਼ਾਲ ਨਾਟਕ ਵਰਕਸ਼ਾਪ, ਚੰਡੀਗੜ੍ਹ 'ਚ ਹੀ ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਅਤੇ ਪੰਜਾਬ ਕਲਾ ਪ੍ਰਿਸ਼ਦ ਵਲੋਂ ਸਾਂਝੀ ਬਾਲ ਨਾਟਕ ਵਰਕਸ਼ਾਪ।

ਸੈਂਕੜੇ ਬੱਚਿਆਂ ਨੇ ਇਨ੍ਹਾਂ ਵਰਕਸ਼ਾਪਾਂ 'ਚ ਹਿੱਸਾ ਲਿਆ ਹੈ ਅਤੇ ਨਾਟਕ ਕਲਾ ਨਾਲ ਸਾਂਝ ਪਾਈ ਹੈ। ਇਸ ਦੇ ਨਾਲ ਹੀ ਇਸ ਮਹੀਨੇ ਨਾਟਕ ਨਾਲ ਜੁੜਦੀਆਂ ਕੁਝ ਚੰਗੀਆਂ ਖਬਰਾਂ ਹਨ। ਡਾ. ਆਤਮਜੀਤ ਵਲੋਂ ਆਪਣਾ ਨਵਾਂ ਨਾਟਕ 'ਮੈਂ ਤਾਂ ਇਕ ਸਾਰੰਗੀ ਹਾਂ' ਜੁਲਾਈ 'ਚ ਮੰਚਣ ਕੀਤਾ ਜਾ ਰਿਹਾ ਹੈ। ਰਾਏਕੋਟ ਸੋਮਹੀਰਾ, ਗੁਰਭਜਨ ਗਿੱਲ ਦੀ ਕਵਿਤਾ 'ਤੇ ਆਧਾਰਤ 'ਅਗਨ ਕਥਾ' ਤਿਆਰ ਕਰ ਰਿਹਾ ਹੈ। ਮਾਝਾ ਰੰਗਮੰਚ ਵਲੋਂ ਬਟਾਲਾ ਦੇ ਨੇੜੇ ਪਿੰਡ ਗੁਵਾਰਾ 'ਚ 'ਪਾਪ ਦਾ ਸਮੁੰਦਰ' ਤੇ 'ਨਸੀਬੋ' ਨਾਟਕਾਂ ਦੀ ਸਫਲ ਪੇਸ਼ਕਾਰੀ ਹੋਈ ਹੈ। ਜਦੋਂ ਕਿਹਾ ਜਾਂਦਾ ਹੈ ਕਿ ਇਹ ਪੰਜਾਬੀ ਦੀ ਪੌਪ ਗਾਇਕੀ ਦਾ ਯੁੱਗ ਹੈ ਤਾ ਵਿਸ਼ਵਾਸ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਪੰਜਾਬ 'ਚ ਨਾਟਕ ਕਲਾ ਦਾ ਵੀ ਯੁੱਗ ਹੈ। ਐਵੇਂ ਇਹ ਨਾਟਕ ਸਰਗਰਮੀਆਂ ਸ਼ੁਰੂ ਨਹੀਂ ਹੋਈਆਂ। ਪ੍ਰਾਚੀਨ ਕਲਾ ਕੇਂਦਰ 'ਚ ਇਕ ਵਧੀਆ ਪੇਸਕਾਰੀ ਵੀ ਵੇਖਣ ਨੂੰ ਮਿਲੀ ਹੈ।

ਅੰਮ੍ਰਿਤਸਰ, 'ਚ ਰੰਗਰਕਰਮੀਆਂ ਦੀ ਵਰਕਸ਼ਾਪ 'ਚ ਪੰਜਾਬ ਭਰ ਤੋਂ 40 ਦੇ ਕਰੀਬ ਰੰਗਕਰਮੀ ਇਕ ਮਹੀਨੇ ਲਈ ਇਕੱਠੇ ਹੋਏ ਹਨ। ਉਨ੍ਹਾਂ ਦੇ ਕੰਮ ਕਰਨ ਦੇ ਘੰਟੇ ਸਵੇਰ 8 ਵਜੇ ਤੋਂ ਲੈ ਕੇ ਰਾਤ ਦੇ 8 ਵਜੇ ਤਕ ਹੁੰਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਸਟਲ 'ਚ ਉਹ ਠਹਿਰੇ ਹੋਏ ਹਨ। ਹਰ ਇਕ ਰੰਗਕਰਮੀ ਨੂੰ 60 ਰੁਪਏ ਰੋਜ਼ ਦੇ ਰੋਟੀ ਅਤੇ ਚਾਹ ਦੇ ਖਰਚੇ ਲਈ ਦਿੱਤੇ ਜਾਂਦੇ ਹਨ। ਇਹ ਸਾਰਾ ਖਰਚ ਨੈਸ਼ਨਲ ਸਕੂਲ ਆਫ ਡਰਾਮਾ ਨੇ ਇਕ ਪ੍ਰਾਜੈਕਟ ਅਧੀਨ ਕਰਨਾ ਹੈ। ਹਿੰਦੁਸਤਾਨ ਭਰ ਦੇ ਨਾਟਕ ਐਕਸਪਰਟ ਵਾਰੀ-ਵਾਰੀ ਇਸ ਵਰਕਸ਼ਾਪ ਦੀ ਸਿਖਲਾਈ ਲਈ ਅੰਮ੍ਰਿਤਸਰ ਆਏ ਹਨ। ਇਸੇ ਤਰ੍ਹਾਂ ਪੰਜਾਬ ਦੇ ਸਾਰੇ ਸਥਾਪਤ ਨਾਟਕਕਾਰਾਂ ਨੇ ਵਰਕਸ਼ਾਪ ਦੇ ਸਿਖਿਆਰਥੀਆਂ ਨਾਲ ਆਏ ਨਾਟਕ ਸਫਰ ਦੇ ਤਜਰਬੇ ਸਾਂਝੇ ਕੀਤੇ ਹਨ। ਵਰਕਸ਼ਾਪ 'ਚ ਹੀ ਤਿੰਨ ਨਾਟਕ ਤਿਆਰ ਕੀਤੇ ਗਏ ਹਨ। ਇਹ ਨਾਟਕ ਕਹਾਣੀਆਂ ਦਾ ਨਾਟਕੀ ਰੂਪ ਤਿਆਰ ਕਰਨ ਦੀ ਸਿਖਲਾਈ ਅਧੀਨ ਆਉਂਦੇ ਹਨ ਅਤੇ ਨੈਸ਼ਨਲ ਸਕੂਲ ਆਫ ਡਰਾਮਾ ਦੇ ਪ੍ਰੋਫੈਸਰ ਅੰਕੁਰ ਦੀ ਨਿਗਰਾਨੀ 'ਚ ਤਿਆਰ ਕੀਤੇ ਜਾਣਗੇ। ਸ਼ੁਰੂ ਦਾ ਕੰਮ ਕੇਵਲ ਧਾਲੀਵਾਲ ਕਰਵਾਏਗਾ। ਇਹ ਨਾਟਕ ਸ੍ਰੀ ਸਰਵਮੀਤ ਦੀ ਕਹਾਣੀ ਓਪਰੀਸ਼ੈਅ, ਪ੍ਰੇਮ ਗੋਰਖੀ ਦੀ ਕਹਾਣੀ ਬਚਨਾ ਬੱਕਰ ਵੱਢ ਅਤੇ ਮਹਿੰਦਰ ਸਿੰਘ ਸਰਨਾ ਦੀ ਕਹਾਣੀ ਜਥੇਦਾਰ ਮੁਕੰਦ ਸਿੰਘ 'ਤੇ ਆਧਾਰਤ। ਇਹ ਨਾਟਕ 27,

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

28, 29 ਜੂਨ ਅੰਮ੍ਰਿਤਸਰ ਦੀ ਨਾਟਸ਼ਾਲਾ ਵਿਚ ਮੰਚਣ ਕੀਤੇ ਜਾਣਗੇ। ਆਉਣ ਵਾਲੇ ਸਮੇਂ 'ਚ ਇਨ੍ਹਾਂ ਨਾਟਕਾਂ ਦਾ ਮੰਚਣ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਕੀਤਾ ਜਾਵੇਗਾ। ਪੰਜਾਬ ਦੀ ਨਾਟਕ ਲਹਿਰ ਦੇ ਵਿਕਾਸ 'ਚ ਇਸ ਵਰਕਸ਼ਾਪ ਦਾ ਇਕ ਸੰਜੀਦਾ ਯੋਗਦਾਨ ਹੋਵੇਗਾ। ਇਸ ਵਰਕਸ਼ਾਪ ਦੀ ਸਾਰੀ ਰੂਪ-ਰੇਖਾ ਇਸ ਦੀ ਜ਼ਾਮਨੀ ਹੈ।

ਜੁਲਾਈ ਦੇ ਮਹੀਨੇ ਹਿੰਦ-ਪਾਕਿ ਸਿਖਰ ਵਾਰਤਾਲਾਪ ਹੋ ਰਹੀ ਹੈ। ਦੋਸਤੀ ਦਾ ਮਾਹੌਲ ਬਣ ਰਿਹਾ ਹੈ। ਇਸ ਮਹੀਨੇ ਪਾਕਿਸਤਾਨ ਤੋਂ ਕਲਾਕਾਰਾਂ ਦੀ ਟੋਲੀ ਆਈ ਹੋਈ ਹੈ ਪਰ ਇਸ ਸਿਲਸਿਲੇ 'ਚ ਸਭ ਤੋਂ ਅਹਿਮ ਗੱਲ ਅਜੋਕਾ ਥੀਏਟਰ ਲਾਹੌਰ ਤੋਂ ਬਾਲ ਕਲਾਕਾਰਾਂ ਦਾ ਚੰਡੀਗੜ੍ਹ ਆਉਣਾ ਅਤੇ ਇਥੋਂ ਦੇ ਬੱਚਿਆਂ ਨੂੰ ਨਾਲ ਲੈ ਕੇ ਸਾਂਝੇ ਤੌਰ 'ਤੇ 15 ਜੂਨ 2001 ਨੂੰ ਟੈਗੋਰ ਥੀਏਟਰ 'ਚ ਨਾਟਕ ਬਾਰਡਰ-ਬਾਰਡਰ ਪੇਸ਼ ਕਰਨਾ ਹੈ। ਇਹ ਕੰਮ ਬੈਸਟੈਨ ਫਾਊਂਡੇਸ਼ਨ ਦੀ ਪਹਿਲਕਦਮੀ ਨਾਲ ਸੰਭਵ ਹੋ ਸਕਿਆ ਹੈ ਜਿਸ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਹਨ। 'ਬਾਰਡਰ-ਬਾਰਡਰ' ਬਾਲ ਨਾਟਕ 'ਚ ਇਕ ਸੁਨੇਹਾ ਹੈ ਕਿ ਦੇਸ਼ਾਂ ਨੂੰ ਭਾਵੇਂ ਬਾਰਡਰ ਵੰਡਦੇ ਹਨ ਪਰ ਮਨੁੱਖ ਉਨ੍ਹਾਂ ਦੀਆਂ ਭਾਵਨਾਵਾਂ, ਉਨ੍ਹਾਂ ਦੇ ਦੁੱਖ-ਸੁ?ਖ ਸਭ ਸਾਂਝੇ ਹਨ। ਇਹ ਨਾਟਕ ਸ਼ਾਹਿਦ ਨਦੀਮ ਦਾ ਲਿਖਿਆ ਹੋਇਆ ਹੈ। ਰੁਖਸਾਨਾ ਖਾਨ (ਪਾਕਿਸਤਾਨ) ਅਤੇ ਪਵਨ ਪਾਰਖੀ (ਭਾਰਤ) ਨੇ ਇਸ ਨੂੰ ਸਾਂਝੇ ਤੌਰ 'ਤੇ ਤਿਆਰ ਕਰਵਾਇਆ ਸੀ। ਅਜੋਕਾ ਥੀਏਟਰ ਲਾਹੌਰ ਦੀ ਰੂਹੇਰਵਾਂ ਮਦੀਹਾ ਗੌਹਰ ਬੱਚਿਆਂ ਦੇ ਇਸ ਸਦਭਾਵਨਾ ਕਾਫਲੇ ਦੀ ਅਗਵਾਈ ਕਰ ਰਹੀ ਸੀ। ਚੰਡੀਗੜ੍ਹ ਦੀਆਂ ਥੀਏਟਰ ਸਰਗਰਮੀਆਂ 'ਚ ਇਸ ਨਾਟਕ ਦਾ ਮੰਚਣ ਜ਼ਰੂਰ ਇਕ ਮੀਲ ਪੱਥਰ ਦਾ ਦਰਜਾ ਰੱਖਦਾ ਹੈ।

ਚੰਡੀਗੜ੍ਹ 'ਚ ਵੀ ਪਹਿਲਾ ਵਿਕਲਪ ਥੀਏਟਰ ਫੈਸਟੀਵਲ ਚੰਡੀਗੜ੍ਹ ਦੇ ਕਾਲਜ 'ਚ ਪੜ੍ਹਦਿਆਂ ਨੌਜਵਾਨ ਮੁੰਡੇ-ਕੁੜੀਆਂ ਦੇ ਗਰੁੱਪ ਚੰਡੀਗੜ੍ਹ ਮਾਫੀਆ ਵਲੋਂ 21-27 ਜੂਨ ਨੂੰ ਕੀਤਾ ਗਿਆ ਹੈ। ਇਸ ਗਰੁੱਪ ਦੇ ਕਨਵੀਨਰ ਗਿਆਨ ਦੇਵ ਸਿੰਘ ਨੇ (ਜੋ ਗੁਰਚਰਨ ਚੰਨੀ ਹੋਰਾਂ ਦਾ ਹੋਣਹਾਰ ਬੇਟਾ ਹੈ ਪਰ ਆਪਣੀ ਵੱਖਰੀ ਪਹਿਚਾਣ ਵੀ ਰੱਖਦਾ ਹੈ) ਦੱਸਿਆ ਹੈ ਕਿ ਇਹ ਥੀਏਟਰ ਗਰੁੱਪ ਥੀਏਟਰ ਆਫ ਪ੍ਰੋਟੈਸਟ ਨੂੰ ਚੰਡੀਗੜ੍ਹ ਵਿਚ ਸਰਗਰਮੀ ਨਾਲ ਕਰੇਗਾ ਅਤੇ ਥੀਏਟਰ ਖੇਤਰ ਵਿਚ ਨਵੇਂ ਤਜਰਬੇ ਕਰਨ ਦਾ ਇੱਛੁਕ ਹੈ। ਇਸ ਥੀਏਟਰ ਗਰੁੱਪ ਨੇ ਪਹਿਲੇ ਥੀਏਟਰ 'ਚ ਜਾਣੇ ਜਾਂਦੇ ਨਾਂ ਪਰਨਾਬ ਮੁਕਰਜੀ ਨਾਲ 15 ਦਿਨ ਦੀ ਵਰਕਸ਼ਾਪ ਲਗਾਈ ਅਤੇ ਫੇਰ ਬਾਦਲ ਸਰਕਾਰ ਦੇ ਨਾਟਕ 'ਭੋਮਾ' ਅਤੇ ਪਾਸ਼ ਦੀ 'ਕਵਿਤਾ ਦਾ ਸਫਰ' ਇਕ ਵਿਸ਼ੇਸ਼ ਸ਼ੈਲੀ 'ਚ ਪੇਸ਼ ਕੀਤਾ। ਇਸ ਨਾਟਕ ਗਰੁੱਪ ਕੋਲੋਂ ਨਾਟਕ ਕਲਾ ਦੇ ਵਿਕਾਸ ਦੀ ਉਮੀਦ ਰੱਖੀ ਜਾ ਸਕਦੀ ਹੈ। ਪਰਨਾਬ ਮੁਕਰਜੀ ਵਲੋਂ ਨੱਥੂ ਰਾਮ ਗੌਡਸੇ ਬਾਰੇ ਇਕ ਪਾਤਰ ਨਾਟਕ ਵੀ ਚੋਣਵੇਂ ਦਰਸ਼ਕਾਂ ਅੱਗੇ ਪੇਸ਼ ਕੀਤਾ ਗਿਆ। ਗਿਆਨ ਦੇਵ ਸਿੰਘ ਵਲੋਂ ਬਾਦਲ ਸਰਕਾਰ ਦਾ ਨਾਟਕ 'ਭੋਮਾ' ਵੀ ਮਾਨੀਮ ਕਲਾ 'ਚ ਪੇਸ਼ ਕੀਤਾ ਗਿਆ ਜੋ ਆਪਣੇ ਆਪ 'ਚ ਇਕ ਪ੍ਰਭਾਵਸ਼ਾਲੀ ਪੇਸ਼ਕਸ਼ ਸੀ। ਪਾਸ਼ ਦੀ 'ਕਵਿਤਾ ਦਾ ਸਫਰ' ਜੋ ਮਾਫੀਆ ਦੇ 9 ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ ਉਹ ਕਵਿਤਾ ਨੂੰ ਨਾਟਕੀ ਰੂਪ 'ਚ ਪੇਸ਼ ਕਰਨ ਦਾ ਇਕ ਨਵਾਂ ਤਜਰਬਾ ਸੀ।

ਮਾਨੀਮ ਕਲਾ ਦੀ ਇਕ ਬਿਹਤਰੀਨ ਪੇਸ਼ਕਾਰੀ ਪ੍ਰਾਚੀਨ ਕਲਾ ਕੇਂਦਰ 'ਚ ਕਮਲ

ਦਾਸਕਰ ਅਤੇ ਉਹਦੀ ਪਤ
ਸਾਨਿਆਲ ਵਲੋਂ 23 ਜੂਨ
ਬਹੁਤ ਸਾਲ ਪਹਿਲੇ ਬੱਧਨ
ਮਾਨੀਮ ਸ਼ੋ 'ਅਧਰਕ ਦੇ
ਕਰਦਾ ਸੀ।

ਚੰਡੀਗੜ੍ਹ 'ਚ ਟੈਗੋਰ
ਵੀ ਉਹ ਪ੍ਰੋਫੈਸ਼ਨਲ ਸ਼ੋ ਹੋਇ
ਕਲਾ 'ਚ ਫਰਾਂਸ
ਵਿਸ਼ਵਪ੍ਰਸਿਧਤਾ ਰੱਖਦੇ
ਲਾਸਕਰ ਅਤੇ ਸੁਭਰਾ ਨੇ
ਮਾਈਮ ਸੈਂਟਰ, ਕੋਲਕਾਤਾ
ਇਹ ਸ਼ੋ ਕੀਤਾ। 6
ਕੀਤੀਆਂ। ਚੋਰ, ਬਾਥਰੂਮ,
ਜਾਂ ਲਵ, ਕਲਾਕਾਰ ਅਤੇ
ਕਮਲ ਦੀ ਕਲਾ ਕਮਾਲ
'ਚ ਮੀਆਂ-ਬੀਵੀ ਦੀ ਜੋੜੀ
ਦੀ ਸਿਖਰ ਛੂਹੀ। ਚੰਡੀਗ
ਪ੍ਰੇਮੀਆਂ ਲਈ ਇਹ ਪੇਸ਼ਕਾ
ਸੀ।

ਮੁੰਨਾ ਧੀਮਾਨ ਵਲੋਂ
ਵਰਕਸ਼ਾਪ 'ਚ ਤਿਆਰ ਕਰ
'ਮਾਲਗੁੱਡੀ ਦੇ ਦਿਨ' ਪੰਜ
ਵਿਚ ਪੇਸ਼ ਕੀਤਾ ਗਿਆ।
ਇਹ ਕਲਾਸਕੀ ਕ੍ਰਿਤ
ਕਿਰਦਾਰ ਨਿਭਾਉਣ ਵਾਲੇ
ਪਾਤਰ ਨਾਲ ਪੂਰੀ ਤਰ੍ਹਾਂ

ਪ੍ਰਾਚੀਨ ਕਲਾ ਕੇਂਦਰ
ਟੈਗੋਰ ਥੀਏਟਰ ਵਿਚ ਉ
ਪੇਸ਼ ਕੀਤੇ ਜਾ ਰਹੇ ਹ
ਨਿਗਰਾਨੀ 'ਚ ਸੁਲੇਮਾਨ
ਸਿੱਧੂ, ਬਸ਼ੀਰ ਅਲੀ,
ਜਸਪਾਲ ਦਿਉਲ ਨੇ
ਹਨ। ਇਹ ਚਾਰ ਨਾਟਕ
ਲਾਲਾ ਜੀ, ਪਾਟੇਖਾਨ ਅਤੇ
ਸਮਾਜ। ਇਹ ਸਾਰੇ ਨਾਟ
ਤਿਆਰ ਕਰਨ ਵਾਲੀ
ਤਿਆਰ ਕੀਤੇ ਗਏ ਹਨ
ਉਨ੍ਹਾਂ ਦੀ ਉਮਰ ਅਤੇ
ਥੀਏਟਰ ਦੀ ਸਿਖਲਾਈ

ਚੰਡੀਗੜ੍ਹ 'ਚ ਹੀ
ਜ਼ੁਲਫਕਾਰ ਝੁੱਗੀ-ਝੌਂਪੜੀ
ਦੇ ਬੱਚਿਆਂ ਨੂੰ ਨਾਲ ਲੈ
ਕਰ ਰਿਹਾ ਹੈ, ਥੀਏਟਰ ਲ
ਵੀ ਬੜੀ ਅਹਿਮੀਅਤ ਹੈ।
ਵਰਕਸ਼ਾਪ ਲਗਾ ਕੇ
ਨਾਟਕ ਬੱਚਿਆਂ ਕੋਲੋਂ ਤਿਆ
ਜੋ ਸਟਰੀਟ ਥੀਏਟਰ ਦੀ
ਉਹਦੇ ਸ਼ੋ ਅੱਜ ਕੱਲ੍ਹ ਮਜ਼ਦੂ
ਕੀਤੇ ਜਾ ਰਹੇ ਹਨ।

ਚੰਡੀਗੜ੍ਹ ਅਤੇ ਬਾ
ਇਨ੍ਹਾਂ ਥੀਏਟਰ ਸਰਗਰ
ਝਾਤ ਦੱਸਦੀ ਹੈ ਕਿ ਨ
ਸਭਿਆਚਾਰ ਦਾ ਇਕ
ਚੁੱਕਿਆ ਹੈ। ਆਪਣੇ ਆਪ
ਮੁਬਾਰਿਕ ਗੱਲ ਹੈ।